Let's Promote Gatka
Estd : 2004
# NATIONAL GATKA ASSOCIATION OF INDIA®
(An Apex Oldest National Gatka Organisation)
(Affiliated with World Gatka Federation & Asian Gatka Federation)
Off : # 278, Sector 22-A, Chandigarh, INDIA +91-76588-00000, +91-981-457-3800
NationalGatkaAssociation@gmail.com Gatkaa.com GatkaTV OfficialNGAI OfficialNGAI

ਪੱਤਰ ਨੰ: NGAI/21/91, ਮਿਤੀ : 06-06-2021

## ਜਿੰਨਾਂ ਲਈ ਸਬੰਧਿਤ ਅਤੇ ਲੋੜੀਂਦਾ ਹੈ

ਵਿਸ਼ਾ : **ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਵੱਲੋਂ ਮਾਨਤਾਪ੍ਰਾਪਤ ਗੱਤਕਾ ਆਫੀਸ਼ੀਅਲਾਂ ਤੇ ਖਿਡਾਰੀਆਂ/ਟੀਮ ਲਈ ਮਾਣ ਭੱਤਾ/ਭੇਟਾ/ਕਿਰਾਇਆ ਮੁਕੱਰਰ ਕਰਨ ਸਬੰਧੀ।**

ਇਸ ਆਫੀਸ਼ੀਅਲ ਪੱਤਰ ਰਾਹੀਂ ਇਹ ਲਿਖਿਆ ਜਾਂਦਾ ਹੈ ਕਿ ਉਕਤ ਐਸੋਸੀਏਸ਼ਨ ਜਾਂ ਵਿਸ਼ਵ ਗੱਤਕਾ ਫੈਡਰੇਸ਼ਨ ਨਾਲ ਸੰਬੰਧਿਤ ਮਾਨਤਾਪ੍ਰਾਪਤ ਗੱਤਕਾ ਆਫੀਸ਼ੀਅਲਾਂ (ਰੈਫ਼ਰੀ, ਕੋਚ ਤੇ ਤਕਨੀਕੀ ਸਹਾਇਕ) ਅਤੇ ਸਬੰਧਿਤਪ੍ਰਾਪਤ ਖਿਡਾਰੀਆਂ/ਟੀਮ ਵੱਲੋਂ ਸਮੇਂ-ਸਮੇਂ ਉਤੇ ਗੱਤਕਾ ਟੂਰਨਾਮੈਂਟਾਂ ਦੌਰਾਨ ਨਿਭਾਈ ਜਾਂਦੀ ਡਿਊਟੀ ਜਾਂ ਵਿੱਦਿਅਕ/ਧਾਰਮਿਕ ਸੰਸਥਾਵਾਂ ਵਿੱਚ ਦਿੱਤੀ ਜਾਂਦੀ ਕੋਚਿੰਗ/ਸਿਖਲਾਈ ਆਦਿ ਜਾਂ ਕਿਸੇ ਸਮਾਗਮ/ਨਗਰ ਕੀਰਤਨ ਮੌਕੇ ਗੱਤਕਾ ਸ਼ਸ਼ਤਰ ਪ੍ਰਦਰਸ਼ਨੀ ਆਦਿ ਜਾਂ ਹੋਰ ਕਿਸੇ ਫੰਕਸ਼ਨ ਲਈ ਸੇਵਾਵਾਂ ਮੁਹੱਈਆ ਕਰਨ ਆਦਿ ਦੇ ਇਵਜ਼ ਵਿੱਚ ਹੇਠ ਲਿਖੇ ਅਨੁਸਾਰ ਮਾਣ ਭੱਤਾ/ਭੇਟਾ/ਫੀਸ/ਕਿਰਾਇਆ ਮੁਕੱਰਰ ਕੀਤਾ ਜਾਂਦਾ ਹੈ ਜਿਸ ਲਈ ਸਭ ਸਬੰਧਿਤ ਪਾਬੰਦ ਹੋਣਗੇ।

**A. ਰਾਜ/ਕੌਮੀ ਪੱਧਰ ਦੇ ਟੂਰਨਾਮੈਂਟ (ਆਫੀਸ਼ੀਅਲਾਂ ਲਈ)**

1. **ਰਾਜ ਦੇ ਅੰਦਰ** : 1,200 ਰੁਪਏ ਪ੍ਰਤੀ ਦਿਨ ਮਾਣ ਭੱਤਾ (ਸਾਧਾਰਨ ਬੱਸ ਕਿਰਾਇਆ ਵੱਖਰਾ)
2. **ਰਾਜ ਤੋਂ ਬਾਹਰ** : 1,500 ਰੁਪਏ ਪ੍ਰਤੀ ਦਿਨ ਮਾਣ ਭੱਤਾ (ਡੀਲਕਸ ਬੱਸ ਕਿਰਾਇਆ ਜਾਂ ਰੇਲ ਗੱਡੀ ਦੇ ਦੂਜਾ ਦਰਜਾ ਏ.ਸੀ. ਸਲੀਪਰ ਕਲਾਸ ਦਾ ਕਿਰਾਇਆ ਵੱਖਰਾ)
3. **ਆਰਾਮਦਾਇਕ ਰਿਹਾਇਸ਼ ਅਤੇ ਖਾਣਾ** : ਸਬੰਧਿਤ ਟੂਰਨਾਮੈਂਟ ਪ੍ਰਬੰਧਕਾਂ ਵੱਲੋਂ।

**B. ਜ਼ਿਲੇ/ਬਲਾਕ ਪੱਧਰ ਦੇ ਟੂਰਨਾਮੈਂਟ (ਆਫੀਸ਼ੀਅਲਾਂ ਲਈ)**

1. 800 ਰੁਪਏ ਪ੍ਰਤੀ ਦਿਨ ਮਾਣ ਭੱਤਾ (ਸਾਧਾਰਨ ਬੱਸ ਕਿਰਾਇਆ ਵੱਖਰਾ)
2. **ਆਰਾਮਦਾਇਕ ਰਿਹਾਇਸ਼ ਅਤੇ ਖਾਣਾ** : ਸਬੰਧਿਤ ਟੂਰਨਾਮੈਂਟ ਪ੍ਰਬੰਧਕਾਂ ਵੱਲੋਂ।

**C. ਆਫੀਸ਼ੀਅਲ ਟੂਰਨਾਮੈਂਟਾਂ ਲਈ ਖਿਡਾਰੀਆਂ/ਟੀਮ ਨੂੰ ਕਿਰਾਇਆ**

1. **ਰਾਜ/ਜਿਲੇ ਦੇ ਅੰਦਰ** : ਕੋਈ ਕਿਰਾਇਆ ਨਹੀਂ। ਜੇਕਰ ਟੂਰਨਾਮੈਂਟ ਪ੍ਰਬੰਧਕ ਚਾਹੁਣ ਤਾਂ ਦੇ ਸਕਦੇ ਹਨ।
2. **ਰਾਜ ਤੋਂ ਬਾਹਰ** : ਕੌਮੀ ਪੱਧਰ ਦੇ ਟੂਰਨਾਮੈਂਟਾਂ ਮੌਕੇ ਸੂਬਾਈ ਗੱਤਕਾ ਐਸੋਸੀਏਸ਼ਨਾਂ ਵੱਲੋਂ ਡੀਲਕਸ ਬੱਸ ਕਿਰਾਇਆ ਜਾਂ ਰੇਲ ਗੱਡੀ ਦੇ ਦੂਜਾ ਦਰਜਾ ਏ.ਸੀ. ਸਲੀਪਰ ਕਲਾਸ ਦਾ ਕਿਰਾਇਆ।
3. **ਆਰਾਮਦਾਇਕ ਰਿਹਾਇਸ਼ ਅਤੇ ਖਾਣਾ** : ਸਬੰਧਿਤ ਟੂਰਨਾਮੈਂਟ ਪ੍ਰਬੰਧਕਾਂ ਵੱਲੋਂ।

**D. ਵਿੱਦਿਅਕ/ਧਾਰਮਿਕ/ਸਰਕਾਰੀ ਸੰਸਥਾਵਾਂ ਚ ਕੋਚਿੰਗ/ਸਿਖਲਾਈ**

1. **ਰਾਜ ਤੋਂ ਬਾਹਰ** : 1,000 ਰੁਪਏ ਪ੍ਰਤੀ ਦਿਨ ਮਾਣ ਭੱਤਾ (ਡੀਲਕਸ ਬੱਸ ਕਿਰਾਇਆ ਜਾਂ ਰੇਲ ਗੱਡੀ ਦੇ ਦੂਜਾ ਦਰਜਾ ਏ.ਸੀ. ਸਲੀਪਰ ਕਲਾਸ ਦਾ ਕਿਰਾਇਆ ਵੱਖਰਾ)
2. **ਜਿਲੇ ਤੋਂ ਬਾਹਰ** : 500 ਰੁਪਏ ਪ੍ਰਤੀ ਦਿਨ ਮਾਣ ਭੱਤਾ (ਸਾਧਾਰਨ ਬੱਸ ਕਿਰਾਇਆ ਵੱਖਰਾ)
3. **ਜ਼ਿਲੇ ਅੰਦਰ** : 300 ਰੁਪਏ ਪ੍ਰਤੀ ਦਿਨ ਮਾਣ ਭੱਤਾ।
4. **ਆਰਾਮਦਾਇਕ ਰਿਹਾਇਸ਼ ਅਤੇ ਖਾਣਾ** : ਸਬੰਧਿਤ ਐਸੋਸੀਏਸ਼ਨ/ਪ੍ਰਬੰਧਕਾਂ ਵੱਲੋਂ।

E. **ਗੱਤਕਾ ਪ੍ਰਦਰਸ਼ਨੀ (ਸਮਾਗਮ/ਨਗਰ ਕੀਰਤਨ)** ਮੌਕੇ ਆਫੀਸ਼ੀਅਲਾਂ/ਖਿਡਾਰੀਆਂ/ਟੀਮ ਨੂੰ

1. **ਜਿਲੇ ਦੇ ਅੰਦਰ** : 7,500 ਰੁਪਏ ਪ੍ਰਤੀ ਦਿਨ/ਪ੍ਰਤੀ ਪ੍ਰਦਰਸ਼ਨੀ (ਸਾਧਾਰਨ ਬੱਸ ਕਿਰਾਇਆ ਵੱਖਰਾ)
2. **ਜਿਲੇ ਤੋਂ ਬਾਹਰ** : 11,000 ਰੁਪਏ ਪ੍ਰਤੀ ਦਿਨ/ਪ੍ਰਤੀ ਪ੍ਰਦਰਸ਼ਨੀ (ਸਾਧਾਰਨ ਬੱਸ ਕਿਰਾਇਆ ਵੱਖਰਾ)
3. **ਰਾਜ ਤੋਂ ਬਾਹਰ** : 21,000 ਰੁਪਏ ਪ੍ਰਤੀ ਦਿਨ/ਪ੍ਰਤੀ ਪ੍ਰਦਰਸ਼ਨੀ (ਡੀਸਕਸ ਬੱਸ ਕਿਰਾਇਆ ਜਾਂ ਰੇਲ ਗੱਡੀ ਦੇ ਦੂਜਾ ਦਰਜਾ ਏ.ਸੀ. ਸਲੀਪਰ ਕਲਾਸ ਦਾ ਕਿਰਾਇਆ ਵੱਖਰਾ)
4. **ਆਰਾਮਦਾਇਕ ਰਿਹਾਇਸ਼ ਅਤੇ ਖਾਣਾ** : ਸਬੰਧਿਤ ਸਮਾਗਮ ਦੇ ਪ੍ਰਬੰਧਕਾਂ ਵੱਲੋਂ।

**ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ**

1. ਸ਼ਸ਼ਤਰ ਪ੍ਰਦਰਸ਼ਨੀ/ਟੂਰਨਾਮੈਂਟ/ਸਮਾਗਮ ਉਪਰੰਤ ਉਕਤ ਮਾਣ ਭੱਤਾ/ਫੀਸਾਂ/ਕਿਰਾਏ ਤੋਂ ਇਲਾਵਾ ਗੱਤਕਾ ਆਫੀਸ਼ੀਅਲਾਂ/ਖਿਡਾਰੀਆਂ/ਟੀਮ/ਟੀਮਾਂ ਵੱਲੋਂ ਸਬੰਧਿਤ ਸਮਾਗਮ/ਸੰਸਥਾ ਦੇ ਪ੍ਰਬੰਧਕਾਂ ਕੋਲੋਂ ਹੋਰ ਕੋਈ ਮੰਗ ਬਿਲਕੁਲ ਨਹੀਂ ਕੀਤੀ ਜਾਵੇਗੀ ਪਰ ਜੇਕਰ ਟੂਰਨਾਮੈਂਟ/ਸਮਾਗਮ ਦੇ ਪ੍ਰਬੰਧਕ ਖੁਦ ਚਾਹੁਣ ਤਾਂ ਉਕਤ ਮੁਕੱਰਰ ਫੀਸ/ਭੱਤੇ ਤੋਂ ਵੱਧ ਦੇ ਸਕਦੇ ਹਨ।
2. ਹਰ ਗੱਤਕਾ ਖਿਡਾਰੀ/ਟੀਮ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਖੇਡ ਨਿਯਮਾਂ ਅਨੁਸਾਰ ਹੀ ਸ਼ਸ਼ਤਰ ਪ੍ਰਦਰਸ਼ਨੀ/ਟੂਰਨਾਮੈਂਟ ਖੇਡੇਗੀ ਅਤੇ ਕਿਸੇ ਵੀ ਪ੍ਰਦਰਸ਼ਨੀ/ਟੂਰਨਾਮੈਂਟ/ਸਮਾਗਮ ਦੌਰਾਨ ਸਟੰਟਬਾਜ਼ੀ ਜਾਂ ਬਾਜ਼ੀਗਿਰੀ ਆਦਿ ਕਰਤੱਬਾਂ ਦੀ ਪੇਸ਼ਕਾਰੀ ਨਹੀਂ ਦਿਖਾਵੇਗੀ। ਜੇਕਰ ਕਿਤੋਂ ਵੀ ਅਜਿਹੀ ਸ਼ਿਕਾਇਤ/ਸੂਚਨਾ ਮਿਲਦੀ ਹੈ ਤਾਂ ਸਬੰਧਿਤ ਖਿਡਾਰੀ/ਟੀਮ ਖਿਲਾਫ਼ ਐਸੋਸੀਏਸ਼ਨ ਦੀ ਨਿਯਮਾਂਵਲੀ ਦੀ ਸੈਕਸ਼ਨ 3ਬੀ ਦੀ ਉਪ ਧਾਰਾ 3.7 ਅਤੇ ਸੈਕਸ਼ਨ 9 ਦੀ ਉਪ ਧਾਰਾ 9.8.1 ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
3. ਉਕਤ ਮੁਕੱਰਰ ਮਾਣ ਭੱਤਾ/ਫੀਸ/ਭੇਟਾ/ਕਿਰਾਏ ਤੋਂ ਵੱਧ ਮੰਗਣ ਜਾਂ ਹੋਰ ਕੋਈ ਮੰਗ ਕਰਨ ਬਾਰੇ ਲਿਖਤੀ ਸ਼ਿਕਾਇਤ ਮਿਲਣ 'ਤੇ ਸਬੰਧਿਤ ਆਫੀਸ਼ੀਅਲਾਂ/ਖਿਡਾਰੀਆਂ/ਟੀਮ ਜਾਂ ਟੀਮ ਕੋਚ/ਮੈਨੇਜਰ ਵਿਰੁੱਧ ਪ੍ਰਚੱਲਤ ਆਚਾਰ ਸਹਿੰਤਾ (ਕੋਡ ਆਫ ਕੰਡਕਟ) ਅਤੇ ਨਿਯਮਾਂ ਅਨੁਸਾਰ ਬਣਦੀ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
4. ਸਬੰਧਿਤ ਸਮਾਗਮ/ਸੰਸਥਾ ਦੇ ਪ੍ਰਬੰਧਕਾਂ ਵੱਲੋਂ ਬੇਕਸੂਰ ਗੱਤਕਾ ਆਫੀਸ਼ੀਅਲਾਂ/ਖਿਡਾਰੀਆਂ/ਟੀਮ ਜਾਂ ਟੀਮ ਕੋਚ/ਮੈਨੇਜਰ ਵਿਰੁੱਧ ਮਾੜਾ ਰਵੱਈਆ ਅਪਨਾਉਣ 'ਤੇ ਉਨਾਂ ਪ੍ਰਬੰਧਕਾਂ/ਸੰਸਥਾ ਵਿਰੁੱਧ ਲਿਖਤੀ ਸ਼ਿਕਾਇਤ ਮਿਲਣ 'ਤੇ ਕਾਰਵਾਈ ਕਰਨ ਲਈ ਚਾਰਾਜੋਈ ਕੀਤੀ ਜਾਵੇਗੀ ਅਤੇ ਭਵਿੱਖ ਵਿੱਚ ਅਜਿਹੇ ਪ੍ਰਬੰਧਕਾਂ ਨੂੰ ਕਾਲੀ ਸੂਚੀ ਵਿੱਚ ਰੱਖਿਆ ਜਾਵੇਗਾ।
5. ਸਬੰਧਿਤ ਸਮਾਗਮ/ਸੰਸਥਾ ਦੇ ਪ੍ਰਬੰਧਕਾਂ/ਐਸੋਸੀਏਸ਼ਨਾਂ ਉਕਤ ਮੁਕੱਰਰ ਮਾਣ ਭੱਤੇ/ਫੀਸਾਂ/ਭੇਟਾ/ਕਿਰਾਏ ਆਦਿ ਦੀ ਅਦਾਇਗੀ ਰੋਜਾਨਾਂ ਸਮਾਗਮ ਦੀ ਸਮਾਪਤੀ ਮੌਕੇ ਕਰਨ ਅਤੇ ਅਦਾਇਗੀ ਸਮੇਂ ਗੱਤਕਾ ਆਫੀਸ਼ੀਅਲਾਂ/ ਖਿਡਾਰੀਆਂ/ਟੀਮ ਨੂੰ ਲਿਖਤੀ ਰਸੀਦ ਦੇਣ ਅਤੇ ਆਪਣੇ ਕੋਲ ਵੀ ਰਿਕਾਰਡ ਵਿੱਚ ਅਜਿਹੀ ਲਿਖਤੀ ਰਸੀਦ ਦੀ ਕਾਪੀ ਉਪਰ ਦਸਤਖਤ ਕਰਵਾ ਕੇ ਰੱਖਣ।
6. ਗੱਤਕਾ ਐਸੋਸੀਏਸ਼ਨਾਂ ਵੱਲੋਂ ਅਜਿਹੇ ਦੁਵੱਲੇ ਮਾਮਲਿਆਂ ਵਿੱਚ ਝਗੜਾ ਹੋਣ ਦੀ ਸੂਰਤ ਵਿੱਚ ਸਿਰਫ ਸਾਲਸੀ ਦੀ ਭੂਮਿਕਾ ਹੀ ਨਿਭਾਈ ਜਾਵੇਗੀ। ਉਕਤ ਮੁਕੱਰਰ ਮਾਣ ਭੱਤੇ/ਫੀਸਾਂ/ਭੇਟਾ ਚਾਲੂ ਮਾਲੀ ਸਾਲ 01 ਅਪ੍ਰੈਲ 2021 ਤੋਂ 31 ਮਾਰਚ 2023 ਤੱਕ ਲਾਗੂ ਰਹਿਣਗੀਆਂ ਅਤੇ ਹਰ ਦੋ ਸਾਲ ਬਾਅਦ ਇੰਨਾਂ 'ਤੇ ਪੁਨਰ ਵਿਚਾਰ ਹੋਵੇਗੀ ਜਿਸ ਵਿੱਚ ਘੱਟੋ-ਘੱਟ 10 ਫੀਸਦ ਵਾਧਾ ਹੋ ਸਕਦਾ ਹੈ।

**ਨੋਟ** : ਪ੍ਰਬੰਧਕਾਂ/ਐਸੋਸੀਏਸ਼ਨਾਂ/ਵਿੱਦਿਅਕ/ਧਾਰਮਿਕ ਜਾਂ ਸਰਕਾਰੀ ਸੰਸਥਾਵਾਂ ਨੂੰ ਇਹ ਖੁੱਲ੍ਹ ਹੈ ਕਿ ਉਹ ਸਬੰਧਿਤ ਗੱਤਕਾ ਆਫੀਸ਼ੀਅਲਾਂ/ਖਿਡਾਰੀਆਂ ਨੂੰ ਆਪਣੇ ਅਦਾਰੇ/ਸੰਸਥਾ ਵਿੱਚ ਪੱਕੇ ਤੌਰ 'ਤੇ ਨੌਕਰੀ 'ਤੇ ਰੱਖਣ ਜਾਂ ਲੰਮੇ ਸਮੇਂ ਦਾ ਇਕਰਾਰ ਕਰਨ ਮੌਕੇ ਆਪਸੀ ਸੁਲਾਹ/ਮਸ਼ਵਰੇ ਨਾਲ ਪ੍ਰਤੀ ਦਿਨ ਮਾਣ ਭੱਤਾ/ਫੀਸ/ਭੇਟਾ/ਕਿਰਾਇਆ ਵੱਧ-ਘੱਟ ਕਰ ਸਕਦੇ ਹਨ ਬਸ਼ਰਤੇ ਗੱਤਕਾ ਆਫੀਸ਼ੀਅਲਾਂ/ਖਿਡਾਰੀਆਂ/ਟੀਮ ਦਾ ਅਜਿਹੇ ਇਕਰਾਰ ਮੌਕੇ ਕੋਈ ਵਿੱਤੀ ਨੁਕਸਾਨ ਨਾ ਹੁੰਦਾ ਹੋਵੇ।



(**ਹਰਜੀਤ ਸਿੰਘ ਗਰੇਵਾਲ**)
ਪ੍ਰਧਾਨ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ